# ਪੰਜਾਬ ਸਕੂਲ ਸਿੱਖਿਆ ਬੋਰਡ

## ਨੋਟੀਫਿਕੇਸ਼ਨ

ਨੋਟੀਫਿਕੇਸ਼ਨ (69) ਪਸਸਬ-ਮੀਟਿੰਗ-2009/184 ਮਿਤੀ : ਮੋਹਾਲੀ:9-7-2009

ਪੰਜਾਬ ਸਕੂਲ ਸਿੱਖਿਆ ਬੋਰਡ ਐਕਟ, 1969 ਸੋਧ ਐਕਟ 1987, ਸੋਧ ਐਕਟ 2000, ਸੋਧ ਐਕਟ 2005 ਅਤੇ ਸੋਧ ਐਕਟ-2008 ਦੀ ਧਾਰਾ 24 ਦੀ ਉਪ-ਧਾਰਾ (2) ਜਿਸ ਨੂੰ ਐਕਟ ਦੀ ਧਾਰਾ 17 ਦੀ ਉਪ-ਧਾਰਾ (6) ਨਾਲ ਪੜ੍ਹਿਆ ਜਾਵੇ, ਅਧੀਨ ਮਿਲੇ ਅਧਿਕਾਰਾਂ ਤਹਿਤ, ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੀਟਿੰਗ ਮਿਤੀ : 04-05-2009 ਵਿੱਚ ਮੱਦ ਨੰ: 5(2) ਰਾਹੀਂ ਲਏ ਨਿਰਣੇ ਅਨੁਸਾਰ, 'ਪੰਜਾਬ ਸਕੂਲ ਸਿੱਖਿਆ ਬੋਰਡ' ਐਫੀਲੀਏਸ਼ਨ ਆਫ ਇਨਸਟੀਚਿਊਸ਼ਨਜ਼ ਵਿਨਿਯਮਾਂ 1988 (ਸੋਧ 1993, 1998 ਅਤੇ 2004) ਵਿੱਚ ਹੇਠ ਲਿਖੇ ਅਨੁਸਾਰ ਸੋਧਾਂ ਕਰਨੀਆਂ ਪਰਵਾਨ ਕੀਤੀਆਂ ਜਾਂਦੀਆਂ ਹਨ:-

### <u>ਸੋਧ ਨੰ IV</u>

ਕਲੰਡਰ ਜਿਲਦ-II " The Punjab School Education Board Regulation for affiliation of Intstitutions 1988" ਵਿੱਚ ਹੇਠ ਲਿਖੇ ਅਨੁਸਾਰ ਸੋਧਾਂ ਕੀਤੀਆਂ ਜਾਂਦੀਆਂ ਹਨ:-

### ਸੰਸਥਾਵਾਂ ਦੇ ਸੰਬੱਧਕਰਣ ਲਈ ਵਿਨਿਯਮ

(ਐਕਟ ਦੀ ਧਾਰਾ 17 ਦੀ ਉਪ-ਧਾਰਾ (6) ਨਾਲ ਰਲਾ ਕੇ ਪੜ੍ਹੀ ਧਾਰਾ 24 ਦੀ ਉਪ-ਧਾਰਾ (1) ਅਧੀਨ।

**ਵਿਨਿਯਮ 3 (ੳ)** : ਚੇਅਰਮੈਨ ਦਾ ਮਤਲਬ ਹੈ ਕਿ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਸਕੱਤਰ ਦਾ ਮਤਲਬ ਹੈ ਕਿ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

**ਵਿਨਿਯਮ 6 (ੳ)** : ਸੰਸਥਾ ਦੇ ਸੰਬੱਧਕਰਣ ਲਈ ਮੁਕੰਮਲ ਦਰਖਾਸਤ 10,000/- ਰੁਪਏ (ਨਾ ਮੋੜਨ-ਯੋਗ ਫੀਸ) ਨਾਲ ਅਤੇ ਸੀਨੀ:ਸੈਕੰ:ਸ਼੍ਰੇਣੀਆਂ ਲਈ ਪ੍ਰਤੀ ਗਰੁੱਪ 10,000/- ਰੁਪਏ (ਨਾ ਮੋੜਨ ਯੋਗ ਫੀਸ) ਨਾਲ ਸਵੀਕਾਰ ਕੀਤੀ ਜਾਵੇਗੀ। ਐਫੀਲੀਏਸ਼ਨ ਲਈ, ਕੇਸ ਹਰ ਸਾਲ 31 ਅਗਸਤ ਤੱਕ 10,000/- ਰੁਪਏ (ਨਾ ਮੋੜਨ ਯੋਗ ਫੀਸ) ਬਿਨ੍ਹਾਂ ਲੇਟ ਫੀਸ ਨਾਲ ਅਪਲਾਈ ਕੀਤਾ ਜਾ ਸਕੇਗਾ। 01 ਸਤੰਬਰ ਤੋਂ 30 ਸਤੰਬਰ ਤੱਕ 15000/- ਰੁਪਏ ਫੀਸ ਨਾਲ ਕੇਸ ਅਪਲਾਈ ਕੀਤਾ ਜਾ ਸਕੇਗਾ। 01 ਅਕਤੂਬਰ ਤੋਂ 30 ਨਵੰਬਰ ਤੱਕ ਕੇਸ, ਚੇਅਰਮੈਨ ਦੀ ਪ੍ਰਵਾਨਗੀ ਅਤੇ 20,000/- ਰੁਪਏ ਫੀਸ ਨਾਲ ਅਪਲਾਈ ਕੀਤਾ ਜਾ ਸਕੇਗਾ। ਸੀਨੀ:ਸੈਕੰ: ਸ਼੍ਰੇਣੀਆਂ ਲਈ ਦੋ ਗਰੁੱਪਾਂ ਤੋਂ ਵੱਧ ਦੀ ਐਫੀਲੀਏਸ਼ਨ ਲੈਣ ਲਈ 01 ਸਤੰਬਰ ਤੋਂ 30 ਨਵੰਬਰ ਤੱਕ ਨਿਰਧਾਰਤ ਫੀਸ ਨਾਲ 30,000/- ਰੁਪਏ ਜੁਰਮਾਨਾ ਵਸੂਲਣ ਯੋਗ ਹੋਵੇਗਾ। ਇਸ ਮਿਤੀ ਤੋਂ ਬਾਅਦ ਵਿਸ਼ੇਸ਼ ਹਾਲਾਤਾਂ ਵਿੱਚ ਦੇਰੀ ਦੀ ਮੁਆਫੀ ਦੇਣ ਦਾ ਅਧਿਕਾਰ ਚੇਅਰਮੈਨ ਕੋਲ ਹੋਵੇਗਾ। ਉਪਰੋਕਤ ਤੋਂ ਇਲਾਵਾ ਹੋਰ ਦੇਰੀ ਦੀ ਮੁਆਫੀ ਦੇ ਕੇਸਾਂ ਲਈ ਹਰ ਪੰਦਰਵਾੜੇ ਲਈ 5,000/- ਰੁਪਏ ਵਾਧੂ ਫੀਸ ਵੀ ਲਈ ਜਾਵੇਗੀ।

**ਵਿਨਿਸਮ 7 (i)** : ਸੰਸਥਾ ਦਾ ਕੰਟਰੋਲ ਇੱਕ ਵਿਅਕਤੀ ਜਾਂ ਇੱਕ ਪਰਿਵਾਰ ਦੇ ਮੈਂਬਰ ਵਿੱਚ ਨਿਹਿਤ ਨਹੀਂ ਹੈ। ਇਸ ਸਬੰਧੀ ਪਹਿਲਾ ਦਰਜਾ ਮੈਜਿਸਟ੍ਰੇਟ ਤੋਂ ਤਸਦੀਕ ਸ਼ੁਦਾ ਐਫੀਡੇਵਿਟ ਲਿਆ ਜਾਵੇਗਾ।

**ਵਿਨਿਯਮ 7 (viii) (ੳ)** : ਸੰਸਥਾ ਸ਼ਹਿਰੀ ਇਲਾਕੇ ਵਿੱਚ ਸਥਿਤ ਹੋਣ ਦੀ ਸੂਰਤ ਵਿੱਚ :-

| | |
|---|---|
| i) ਮਿਡਲ ਜਮਾਤਾਂ ਤੱਕ | 02 ਕਨਾਲ (1000 ਵਰਗ ਗਜ਼) |
| (ii) ਮੈਟ੍ਰਿਕ ਜਮਾਤਾਂ ਤੱਕ | 04 ਕਨਾਲ (2000 ਵਰਗ ਗਜ਼) |
| (iii) ਸੀਨੀ:ਸੈਕੰ:ਜਮਾਤਾਂ ਤੱਕ | 08 ਕਨਾਲ (4000 ਵਰਗ ਗਜ਼) |

**(In case of Multi-Storey Building 3000 ਵਰਗ ਗਜ਼)**

**ਵਿਨਿਯਮ** 7 **(vii) (ਅ) ਪੇਂਡੂ ਇਲਾਕੇ ਵਿੱਚ ਸਥਿਤ ਸੰਸਥਾ ਦੀ ਸੂਰਤ ਵਿੱਚ;**

| | |
|---|---|
| i) ਮਿਡਲ ਜਮਾਤਾਂ ਤੱਕ | 03 ਕਨਾਲ (1500 ਵਰਗ ਗਜ਼) |
| (ii) ਮੈਟ੍ਰਿਕ ਜਮਾਤਾਂ ਤੱਕ | 06 ਕਨਾਲ (3000 ਵਰਗ ਗਜ਼) |
| (iii) ਸੀਨੀ:ਸੈਕੰ:ਜਮਾਤਾਂ ਤੱਕ | 12 ਕਨਾਲ (6000 ਵਰਗ ਗਜ਼) |

**(In case of Multi-Storey Building 5000 ਵਰਗ ਗਜ਼)**

**ਨੋਟ** : 1. ਸੰਸਥਾ ਆਪਣੇ ਖੇਤਰ ਦਾ ਬੈ-ਨਾਮਾ / ਹਿੱਬਾਨਾਮਾ/30 ਸਾਲਾ ਰਜਿਸਟਰਡ ਲੀਜ਼ ਡੀਡ ਦੇਵੇਗੀ।

2. ਜੇਕਰ ਜ਼ਮੀਨ ਪੰਚਾਇਤੀ ਹੈ ਤਾਂ ਸਰਕਾਰ ਦੇ ਸਬੰਧਤ ਵਿਭਾਗ ਰਾਹੀਂ ਪ੍ਰਵਾਨਗੀ ਲੈਣੀ ਜ਼ਰੂਰੀ ਹੈ।

3. ਦੋ ਥਾਵਾਂ ਤੇ ਖੇਤਰ ਹੋਣ ਦੀ ਸੂਰਤ ਵਿੱਚ ਦੋਨਾਂ ਖੇਤਰਾਂ ਦੀ ਆਪਸੀ ਦੂਰੀ ਇੱਕ ਕਿਲੋਮੀਟਰ ਤੋਂ ਵੱਧ ਨਹੀਂ ਹੋਣੀ ਚਾਹੀਦੀ (ਇਹ ਸ਼ਰਤ ਕੇਵਲ ਦਸਵੀਂ ਅਤੇ ਸੀਨੀਅਰ ਸੈਕੰ: ਕਲਾਸਾਂ ਲਈ ਲਾਗੂ ਹੋਵੇਗੀ।)

**ਵਿਨਿਯਮ 7 (viii) :** VI ਤੋਂ X ਜਮਾਤਾਂ ਲਈ ਪੰਜ ਕਮਰਿਆਂ ਦੀ ਸ਼ਰਤ ਹਟਾ ਦਿੱਤੀ ਗਈ ਹੈ ਪ੍ਰਤੀ ਗਰੁੱਪ ਸ਼ਬਦ ਵੀ ਹਟਾ ਦਿੱਤਾ ਗਿਆ ਹੈ।

ਅਤੇ VI ਤੋਂ XII ਜਮਾਤਾਂ 10 ਕਮਰੇ, ਇਹ ਸ਼ਰਤ ਹਟਾ ਦਿੱਤੀ ਗਈ ਹੈ। (ਖਤਮ ਕਰ ਦਿੱਤੀ ਗਈ ਹੈ)

**6 (d)** Affiliation for Senior Secondary Classes may be granted to an institution which is running an Integrated Courses such as Law, Engineering, Medical Sciences etc and that such courses are recognized / approved by a University/AITEC or any other such body which is legally authorized to do so, for this purpose. However the other conditions contained in the – "Affiliation Regulations" shall apply. Govt. Instructions, if any, shall also be applicable to these Institutions.

**ਵਿਨਿਯਮ 6 (ਡੀ)** : ਅਧੀਨ ਐਫੀਲੀਏਸ਼ਨ ਲੈਣ ਵਾਲੀਆਂ ਸਰਕਾਰੀ ਅਤੇ ਗੈਰ-ਸਰਕਾਰੀ ਦੋਹਾਂ ਤਰ੍ਹਾਂ ਦੀਆਂ ਸੰਸਥਾਵਾਂ ਤੋਂ ਬਣਦੀ ਫੀਸ/ ਸਕਿਊਰਟੀ ਵੀ ਲਈ ਜਾਵੇਗੀ।

8. **ਵਿਨਯਮ** 5: ਅਧੀਨ ਪ੍ਰਾਪਤ ਹੋਈ ਦਰਖਾਸਤ ਦੀ (ਅੰਤਿਕਾ ੳ) ਪਾਰਦਰਸ਼ੀ ਚੈੱਕ ਸੂਚੀ ਨੂੰ ਮੁੱਖ ਰੱਖ ਕੇ ਉਸਦੇ ਪ੍ਰਾਪਤ ਹੋਣ ਤੇ ਛਾਣਬੀਣ ਕੀਤੀ ਜਾਵੇਗੀ। ਦਰਖਾਸਤ ਵਿੱਚ ਪਾਈ ਗਈ ਕਮੀ / ਫਰਕ, ਜੇ ਕੋਈ ਹੋਵੇ, ਬਾਰੇ ਸਬੰਧਤ ਸੰਸਥਾ ਨੂੰ ਸੂਚਿਤ ਕੀਤਾ ਜਾਵੇਗਾ। ਜੇਕਰ ਦੱਸੇ ਗਏ ਫਰਕ ਸੰਸਥਾ ਦੁਆਰਾ ਅਨੁਬੰਧਤ ਸਮੇਂ ਦੇ ਅੰਦਰ ਦੂਰ ਨਹੀਂ ਕੀਤੇ ਜਾਂਦੇ, ਤਾਂ ਕੇਸ ਰੱਦ ਕੀਤੇ ਜਾਣ ਉਪਰੰਤ ਸਾਰਾ ਕੇਸ ਦਫਤਰ ਦੁਆਰਾ ਉਸ ਸੰਸਥਾ ਨੂੰ ਮੋੜ ਦਿੱਤਾ ਜਾਵੇਗਾ। ਅਗਲੇ ਸੈਸ਼ਨ ਲਈ ਸੰਬੱਧਕਰਣ ਹਾਸਲ ਕਰਨ ਲਈ ਸੰਬੱਧਕਰਣ ਹਿੱਤ ਰੱਖੇ ਗਏ ਮੁਕੰਮਲ ਜ਼ਾਬਤੇ ਦੀ ਪੈਰਵੀਂ ਕਰਕੇ ਤਾਜਾ ਦਰਖਾਸਤ ਦੇਣੀ ਪਵੇਗੀ।

**ਵਿਨਿਯਮ**-9 **(i)** ਜੇ ਸੰਬੱਧਕਰਣ ਲਈ ਦਸਖਾਸਤ ਸਹੀ ਪਾਈ ਜਾਂਦੀ ਹੈ ਤਾਂ ਹੇਠ ਲਿਖਿਆਂ ਤੋਂ ਮਿਲ ਕੇ ਬਣੀ ਮੁਆਇਨਾ ਕਮੇਟੀ ਉਸ ਸੰਸਥਾ ਦਾ ਮੁਆਇਨਾ ਕਰੇਗੀ:-

(ੳ) ਜਿਸ ਜ਼ਿਲ੍ਹੇ ਵਿੱਚ ਸੰਸਥਾ ਸਥਿਤ ਹੈ ਉਸ ਜ਼ਿਲ੍ਹੇ ਦਾ ਜ਼ਿਲ੍ਹਾ ਸਿੱਖਿਆ ਅਫਸਰ ਜਾਂ ਉਸ ਦੁਆਰਾ ਨਾਮਜ਼ਦ ਵਿਅਕਤੀ (ਜੋ ਉਪ ਜ਼ਿਲ੍ਹਾ ਸਿੱਖਿਆ ਅਫਸਰ ਦੇ ਰੈਂਕ ਤੋਂ ਥੱਲੇ ਦਾ ਨਾ ਹੋਵੇ)।

(ਅ) ਬੋਰਡ ਜਾਂ ਅਕਾਦਮਿਕ ਪਰੀਸ਼ਦ ਦਾ ਇੱਕ ਮੈਂਬਰ।

(ੲ) ਇੱਕ ਸਿੱਖਿਆ-ਸ਼ਾਸਤਰੀ।

(ਸ) ਚੇਅਰਮੈਨ ਦੁਆਰਾ ਨਾਮਜ਼ਦ ਇੱਕ ਵਿਅਕਤੀ - ਕਨਵੀਨਰ।

(ਹ) ਪ੍ਰਿੰਸੀਪਲ-ਇਨ-ਸਰਵਿਸ ਟ੍ਰੇਨਿੰਗ ਕੇਂਦਰ/ਸਰਕਾਰੀ ਕਾਲਜ ਦਾ ਪ੍ਰਿੰਸੀਪਲ/ਪ੍ਰਿੰਸੀਪਲ, ਕਾਲਜ ਆਫ ਐਜੂਕੇਸ਼ਨ।

(ਕ) ਸਬੰਧਤ ਮਿਊਂਸਪਲ ਪਰੀਸ਼ਦ/ਕਾਰਪੋਰੇਸ਼ਨ/ਨਗਰ ਪੰਚਾਇਤ, ਜਿਥੇ ਸੰਸਥਾ ਹੈ, ਦਾ ਇੱਕ ਮੈਂਬਰ।

(iii) **ਨਿਰੀਖਣ ਟੀਮ ਆਪਣੀ ਰਿਪੋਰਟ ਨਿਸ਼ਚਿਤ ਪ੍ਰੋਫਾਰਮੇਂ ਤੇ ਇੰਚਾਰਜ (ਐਫੀਲੀਏਸ਼ਨ) ਨੂੰ ਦੇਵੇਗੀ।**

11. ਕੋਈ ਸੰਸਥਾ ਜਿਸ ਦਾ ਸੰਬੱਧਕਰਣ ਕੀਤਾ ਗਿਆ ਹੈ ਉਹ ਹਰੇਕ ਪੂਰਵਵਰਤੀ ਸਾਲ ਦੀ 15 ਸਤੰਬਰ ਤੱਕ 2●●●/- ਰੁਪਏ ਸਾਲਾਨਾ ਦੀ ਨਿਰੰਤਰਤਾ ਫੀਸ ਅਦਾ ਕਰੇਗੀ ਜਾਂ ਉਹ 2●,●●●/- ਰੁਪਏ ਇੱਕ-ਮੁਸ਼ਤ ਨਿਰੰਤਰਤਾ ਫੀਸ ਜਮ੍ਹਾਂ ਕਰਵਾਏਗੀ ਜੋ ਕਿ ਬਾਰਾਂ ਸਾਲਾਂ ਲਈ ਮੰਨਣ ਯੋਗ ਹੋਵੇਗੀ। ਜੇ ਨਿਰੰਤਰਤਾ ਫੀਸ ਅਤੇ ਇਨ੍ਹਾਂ ਵਿਨਿਯਮਾਂ ਤੇ ਅੰਤਕਾਂ 'ਅ' ******* ਦੁਆਰਾ ਲੋੜੀਂਦੇ ਵੇਰਵੇ 15 ਸਤੰਬਰ ਤੱਕ ਨਾ ਮਿਲਣ ਤਾਂ ਸੰਬੱਧਕਰਣ ਮੁਅੱਤਲ ਹੋ ਜਾਵੇਗਾ ਅਤੇ ਉਹ 3● ਸਤੰਬਰ ਤੱਕ ਬੋਰਡ ਨੂੰ ਮੁਕੰਮਲ ਸਪਸ਼ਟੀਕਰਣ ਅਤੇ 5●● ਰੁਪਏ ਲੇਟ ਫੀਸ ਜਮ੍ਹਾਂ ਕਰਵਾਉਣ ਅਤੇ 3● ਸਤੰਬਰ ਤੋਂ ਪਿੱਛੋਂ 8●●● ਰੁਪਏ ਲੇਟ ਫੀਸ ਜਮ੍ਹਾਂ ਕਰਾਉਣ ਤੇ ਬਹਾਲ ਕੀਤੀ ਜਾਵੇਗੀ। ਸੰਬੱਧਕਰਣ ਬਹਾਲ ਕਰਨ ਦੀ ਅਥਾਰਿਟੀ ਬੋਰਡ ਦੇ ਸਕੱਤਰ ਨੂੰ ਹੋਵੇਗੀ।

13. ਜੇ ਕੋਈ ਸੰਸਥਾ ਕੇਸ ਰੱਦ ਕਰਨ ਬਾਰੇ ਸੂਚਿਤ ਕੀਤੇ ਜਾਣ ਪਿੱਛੋਂ ਆਪਣੇ ਕੇਸ ਉੱਤੇ ਮੁੜ ਵਿਚਾਰ ਕੀਤੇ ਜਾਣ ਦੀ ਇੱਛਾ ਰੱਖਦੀ ਹੈ ਤਾਂ ਉਹ ਇਨ੍ਹਾਂ ਵਿਨਿਯਮਾਂ ਅਧੀਨ ਰੱਖੇ ਗਏ ਜ਼ਾਬਤੇ ਅਨੁਸਾਰ ਅਗਲੇ ਸੈਸ਼ਨ ਲਈ ਸੰਬੱਧ ਕੀਤੇ ਜਾਣ ਲਈ ਅਪਲਾਈ ਕਰਨ ਯੋਗ ਹੋਵੇਗੀ।

ਜਾਂ

ਜੇਕਰ ਕੋਈ ਸੰਸਥਾ ਰੱਦ ਹੋਏ ਕੇਸ ਦੇ ਹੁਕਮਾਂ ਵਿਰੁੱਧ ਅਪੀਲ ਕਰਨੀ ਚਾਹੁੰਦੀ ਹੈ, ਤਾਂ ਰੱਦ ਹੋਣ ਤੋਂ 3● ਦਿਨਾਂ ਦੇ ਅੰਦਰ-ਅੰਦਰ ਚੇਅਰਮੈਨ ਨੂੰ ਅਪੀਲ ਕਰ ਸਕਦੀ ਹੈ ਜਿਸਦੀ ਮੁੜ ਵਿਚਾਰਨ ਫੀਸ 1●●●●/- ਰੁਪਏ ਹੋਵੇਗੀ। ਨਿਰਧਾਰਤ ਸਮੇਂ ਤੋਂ ਬਾਅਦ ਪ੍ਰਾਪਤ ਹੋਈ ਅਪੀਲ ਤੇ ਦੇਰੀ ਦੀ ਮੁਆਫੀ ਵਿਸ਼ੇਸ਼ ਹਾਲਤਾਂ ਵਿੱਚ ਪ੍ਰਵਾਨ ਕਰਨ ਦਾ ਅਧਿਕਾਰ ਚੇਅਰਮੈਨ ਕੋਲ ਹੋਵੇਗਾ। ਉਪਰੋਕਤ ਤੋਂ ਇਲਾਵਾ ਹਰ ਪੰਦਰਵਾੜੇ ਦਾ 2,●●●/- ਰੁਪਏ ਵਾਧੂ ਜੁਰਮਾਨਾ ਵੀ ਲਿਆ ਜਾਵੇਗਾ।

**ਵਿਨਿਯਮ** 18: ਸੰਬੱਧ ਸੰਸਥਾ ਵਿਵਰਣ (ਅੰਤਕਾ ਅ) ਹਰ ਸਾਲ 15 ਸਤੰਬਰ ਤੱਕ ਪੇਸ਼ ਕਰੇਗੀ ਅਤੇ ਜੇ ਬੋਰਡ ਨੂੰ ਮਲੂਮ ਹੁੰਦਾ ਹੈ ਕਿ ਉਹ ਸੰਸਥਾ ਮੁਨਾਸਬ ਢੰਗ ਨਾਲ ਕੰਮ ਨਹੀਂ ਕਰ ਰਹੀ ਤਾਂ ਸੰਸਥਾਂ ਨੂੰ ਉਲਿਖਤ ਸਮੇਂ ਦੇ ਅੰਦਰ ਆਪਣੇ ਕੰਮ ਵਿੱਚ ਸੁਧਾਰ ਕਰਨ ਲਈ ਕਿਹਾ ਜਾਵੇਗਾ। ਜੇ ਸੰਸਥਾ ਹਦਾਇਤਾਂ ਦੀ ਪਾਲਣਾ ਕਰਨ ਵਿੱਚ ਅਸਮਰਥ ਰਹਿੰਦੀ ਹੈ ਤਾਂ ਅਗਲੇਰੀ ਕਰਾਵਾਈ ਲਈ ਮਾਮਲੇ ਦੀ ਰਿਪੋਰਟ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਕੀਤੀ ਜਾਵੇਗੀ। ਜਿਸ ਦਾ ਨਤੀਜਾ ਮੁਅੱਤਲੀ ਜਾਂ ਸੰਬੱਧਕਰਣ ਦੀ ਵਾਪਸੀ ਜਾਂ ਕੋਈ ਹੋਰ ਕਾਰਵਾਈ ਹੋ ਸਕਦੀ ਹੈ ਜੋ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ ਉਚਿੱਤ ਸਮਝੇ।

**ਵਿਨਿਯਮ** 19. **(ੳ)** ਸੰਬੱਧਕਰਣ ਦਿੱਤੇ ਜਾਣ ਤੋਂ ਪਹਿਲਾਂ ਸੰਸਥਾ ਬੋਰਡ ਕੋਲ ਹੇਠ ਲਿਖੇ ਅਨੁਸਾਰ ਜ਼ਮਾਨਤ ਦੀ ਰਕਮ (ਮੋੜਨ ਯੋਗ) ਜਮ੍ਹਾਂ ਕਰਵਾਏਗੀ।

| ਸੰਬੱਧਰਣ ਦਾ ਪੱਧਰ | ਜ਼ਮਾਨਤ ਦੀ ਰਕਮ |
|---|---|
| (1) ਮਿਡਲ ਸ਼੍ਰੇਣੀਆਂ ਲਈ | 5●,●●●/- ਰੁਪਏ |
| (2) ਮਿਲਡ ਤੋਂ ਮੈਟ੍ਰਿਕ ਸ਼੍ਰੇਣੀਆਂ ਤੱਕ | 2●,●●●/- ਰੁਪਏ |
| (3) ਸੀਨੀਅਰ ਸੈਕ.: ਸ਼੍ਰੇਣੀਆਂ ਲਈ | |
| (ੳ) ਪਹਿਲਾ ਗਰੁੱਪ | 75,●●●/- ਰੁਪਏ |
| (ਅ) ਹਰੇਕ ਅਤਿਰਿਕਤ ਗਰੁੱਪ | 25,●●●/- ਰੁਪਏ |

(ੲ) ਸੀਨੀਅਰ ਸੈਕੰਡਰੀ ਸ਼੍ਰੇਣੀਆਂ ਲਈ ਜ਼ਮਾਨਤੀ ਰਕਮ ਪਹਿਲਾਂ ਮੈਟ੍ਰਿਕੁਲੇਸ਼ਨ ਸ਼੍ਰੇਣੀਆਂ ਲਈ ਜਮ੍ਹਾਂ ਕਰਵਾਈ ਜ਼ਮਾਨਤੀ ਰਕਮ ਤੋਂ ਇਲਾਵਾ ਹੋਵੇਗੀ।

**ਵਿਨਿਯਮ. 2● (ੳ)** ਜਿਹੜੀਆਂ ਸੰਸਥਾਵਾਂ ਵਾਧੂ ਸੈਕਸ਼ਣ ਲੈਣਾ ਚਾਹੁੰਦੀਆਂ ਹਨ ਉਹ ਦਾਖਲੇ ਦੀ ਅੰਤਿਮ ਮਿਤੀਃ ਤੋਂ 3● ਦਿਨਾਂ ਦੇ ਅੰਦਰ-ਅੰਦਰ ਨਿਰਧਾਰਤ ਪ੍ਰੋਫਾਰਮੇ/ਫੀਸ ਸਮੇਤ ਅਪਲਾਈ ਕਰ ਸਕਦੀਆਂ ਹਨ। ਇਸ ਤੋਂ ਬਾਅਦ ਵੀ ਵਿਸ਼ੇਸ਼ ਹਾਲਾਤਾਂ ਵਿੱਚ ਵਾਧੂ ਸੈਕਸ਼ਨ ਲਈ ਦੇਰੀ ਦੀ ਮੁਆਫੀ ਦੇਣ ਦਾ ਅਧਿਕਾਰ ਚੇਅਰਮੈਨ ਕੋਲ ਹੋਵੇਗਾ। ਉਪਰੋਕਤ ਤੋਂ ਇਲਾਵਾ ਹਰ ਪੰਦਰਵਾੜੇ ਦਾ 5●●/- ਰੁਪਏ ਵਾਧੂ ਜ਼ੁਰਮਾਨਾ ਵੀ ਲਿਆ ਜਾਵੇਗਾ।

**ਵਿਨਿਯਮ**. 22 ਜੇ ਕੋਈ ਸੰਬੱਧ ਸੰਸਥਾ ਕਿਸੇ ਵਿਨਿਯਮ ਦੀ ਖਿਲਾਫਵਰਜ਼ੀ ਕਰੇਗੀ ਜਾਂ ਵਿਦਿਆਰਥੀਆਂ ਦੇ ਦਾਖਲੇ ਬਾਰੇ ਕੋਈ ਬੇਕਾਇਦਗੀ ਕਰੇਗੀ ਜਾਂ ਵਿਦਿਆਰਥੀਆਂ ਲਈ ਰੱਖੇ ਭਲਾਈ ਫੰਡਾਂ ਦਾ ਦੁਰਨਮਿਤਣ ਕਰੇਗੀ, ਤਾਂ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ ਸਥਾਈ ਤੌਰ ਤੇ ਜਾਂ ਕਿਸੇ ਖਾਸ ਗਰੁੱਪ ਜਾਂ ਸਾਰੇ ਗਰੁੱਪਾਂ ਲਈ ਜਾਂ ਤਿੰਨ ਸਾਲ ਦੀ ਮੁੱਦਤ ਤੱਕ ਲਈ ਸੰਬੱਧਕਰਣ ਵਾਪਸ ਲੈਣ ਲਈ ਕਾਰਨ ਦੱਸੋ ਨੋਟਿਸ ਜਾਰੀ ਕਰੇਗਾ।

**ਵਿਨਿਯਮ**. 22 (ੳ) ਜੇਕਰ ਕਿਸੇ ਸੰਸਥਾ ਦੀ ਐਫੀਲੀਏਸ਼ਨ ਵਾਪਿਸ ਲਈ ਜਾਂਦੀ ਹੈ ਤਾਂ ਉਹ ਸੰਸਥਾ 60 ਦਿਨਾਂ ਦੇ ਅੰਦਰ-ਅੰਦਰ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਅਪੀਲ ਕਰ ਸਕਦੀ ਹੈ। ਨਿਰਧਾਰਤ ਸਮੇਂ ਤੋਂ ਬਾਅਦ ਪ੍ਰਾਪਤ ਹੋਈ ਅਪੀਲ ਤੇ ਦੇਰੀ ਦੀ ਮੁਆਫੀ ਵਿਸ਼ੇਸ਼ ਹਾਲਤਾਂ ਵਿੱਚ ਪ੍ਰਦਾਨ ਕਰਨ ਦਾ ਅਧਿਕਾਰ ਚੇਅਰਮੈਨ ਕੋਲ ਹੋਵੇਗਾ। ਅਜਿਹੇ ਕੇਸਾਂ ਵਿੱਚ 10,000/- ਰੁਪਏ ਲੇਟ ਫੀਸ ਵੀ ਚਾਰਜ ਕੀਤੀ ਜਾਵੇਗੀ।

**ਵਿਨਿਯਮ**. 23 ਤੋਂ ਬਾਅਦ ਵਿਨਿਯਮ-24 ਨਵਾਂ ਸ਼ਾਮਲ ਕੀਤਾ ਜਾਂਦਾ ਹੈ ਅਤੇ ਮੌਜੂਦਾ ਵਿਨਿਯਮ-24 ਨੂੰ ਵਿਨਿਯਮ-25 ਅਤੇ ਵਿਨਿਯਮ-25 ਨੂੰ ਵਿਨਿਯਮ-26 ਪੜ੍ਹਿਆ ਜਾਵੇ।

**ਵਿਨਿਯਮ**. 24. ਚੇਅਰਮੈਨ ਆਮ ਜਾਂ ਵਿਸ਼ੇਸ਼ ਹੁਕਮ ਦੁਆਰਾ ਨਿਰਦੇਸ਼ ਦੇ ਸਕੇਗਾ ਕਿ ਕੋਈ ਇਖਤਿਆਰ ਜਿਸਦੀ ਵਰਤੋਂ ਉਸ ਦੁਆਰਾ ਇਨ੍ਹਾਂ ਵਿਨਿਯਮਾਂ ਅਧੀਨ ਕੀਤੀ ਜਾ ਸਕਦੀ ਹੈ, ਵਿਨਿਯਮ 26 ਅਤੇ ਇਸ ਵਿਨਿਯਮ ਅਧੀਨ ਦੇ ਇਖਤਿਆਰਾਂ ਦੇ ਸਿਵਾਏ, ਅਜਿਹੀਆਂ ਸ਼ਰਤਾਂ ਦੇ ਤਾਬੇ, ਜੇ ਕੋਈ ਹੋਣ, ਜੋ ਉਸ ਹੁਕਮ ਵਿੱਚ ਉਲਿਖਤ ਕੀਤੀਆਂ ਜਾਣ ਅਜਿਹੇ ਅਫਸਰ ਜਾਂ ਅਥਾਰਿਟੀ ਦੁਆਰਾ ਵੀ ਕੀਤੀ ਜਾ ਸਕੇਗੀ, ਜੋ ਉਸ ਹੁਕਮ ਵਿੱਚ ਉਲਿਖਤ ਕੀਤੀ ਜਾਵੇ।

25. ਇਨ੍ਹਾਂ ਵਿਨਿਯਮਾਂ ਵਿੱਚ ਕਿਸੇ ਗੱਲ ਦੇ ਦਰਜ਼ ਨਾ ਹੁੰਦਿਆਂ ਹੋਇਆ ਵੀ ਇਨ੍ਹਾਂ ਵਿਨਿਯਮਾਂ ਬਾਰੇ ਚੇਅਰਮੈਨ ਦਾ ਫੈਸਲਾ ਅੰਤਮ ਹੋਵੇਗਾ।

**ਨਿਰਸਨ ਅਤੇ ਬਹਾਉ ਵਿਨਿਯਮ**-26 ਪੰਜਾਬ ਸਕੂਲ ਸਿੱਖਿਆ ਬੋਰਡ ਸੰਬੱਧਕਰਣ ਵਿਨਿਯਮ 1998 ਇਸ ਦੁਆਰਾ ਨਿਰਸਤ ਕੀਤੇ ਜਾਂਦੇ ਹਨ:

ਪ੍ਰੰਤੂ ਇਹ ਕਿ ਇਸ ਤਰ੍ਹਾਂ ਨਿਰਸਤ ਕੀਤੇ ਗਏ ਵਿਨਿਯਮਾਂ ਅਧੀਨ ਕੀਤੀ ਗਈ ਕਿਸੇ ਕਾਰਵਾਈ ਜਾਂ ਜਾਰੀ ਕੀਤੇ ਗਏ ਕਿਸੇ ਹੁਕਮ ਬਾਰੇ ਇਹ ਸਮਝਿਆ ਜਾਵੇਗਾ ਕਿ ਉਹ ਕਾਰਵਾਈ ਜਾਂ ਹੁਕਮ ਇਨ੍ਹਾਂ ਵਿਨਿਯਮਾਂ ਦੇ ਤਤਸਥਾਨੀ ਉਪਬੰਧਾਂ ਅਧੀਨ ਕੀਤੀ ਗਈ ਸੀ ਜਾਂ ਕੀਤਾ ਗਿਆ ਸੀ।

ਸਕੱਤਰ,

ਪੰਜਾਬ ਸਕੂਲ ਸਿੱਖਿਆ ਬੋਰਡ।

# ਪੰਜਾਬ ਸਕੂਲ ਸਿੱਖਿਆ ਬੋਰਡ

## ਨੋਟੀਫਿਕੇਸ਼ਨ

ਦਫਤਰ ਵੱਲੋਂ ਜ਼ਾਰੀ ਨੋਟੀਫਿਕੇਸ਼ਨ ਨੰ: (69)-ਪਸਸਬ-ਮੀਟਿੰਗ-2009/184 ਮਿਤੀ: ਮੁਹਾਲੀ: 9-7-2009 ਵਿੱਚ ਅੰਸ਼ਕ ਸੋਧ ਕਰਦੇ ਹੋਏ ਕੈਲੰਡਰ ਜਿਲਦ-II ਵਿੱਚ ਵਿਨਿਯਮ-20 ਨੂੰ ਹੇਠ ਲਿਖੇ ਅਨੁਸਾਰ ਸੋਧਿਆ ਜਾਂਦਾ ਹੈ:-

ਵਿਨਿਯਮ 20 ਨੂੰ ਡਲੀਟ ਕੀਤਾ ਜਾਂਦਾ ਹੈ ਅਤੇ ਇਸ ਵਿਨਿਯਮ ਅਧੀਨ ਪੁਰਾਣੀਆਂ ਸੰਸਥਾਵਾਂ ਤੋਂ ਇੰਡੋਮੈਂਟ ਫੰਡ ਵਜੋਂ ਪ੍ਰਾਪਤ ਹੋਈਆਂ ਐਫ.ਡੀ.ਆਰ ਦੀ ਮਿਆਦ ਪੁੱਗਣ ਉਪਰੰਤ ਉਨ੍ਹਾਂ ਤੋਂ ਵਿਨਿਯਮ 19 (ੳ) ਅਨੁਸਾਰ ਸਕਿਓਰਿਟੀ ਪ੍ਰਾਪਤ ਕੀਤੀ ਜਾਵੇ।

ਸਕੱਤਰ,

ਪੰਜਾਬ ਸਕੂਲ ਸਿੱਖਿਆ ਬੋਡਰ।